ਪੰਜਾਬ ਵਿਧਾਨ ਸਭਾ ਸਕੱਤਰੇਤ

ਸ਼ੁੱਕਰਵਾਰ, ਮਿਤੀ 28 ਫਰਵਰੀ, 2020 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨ੍ਹਾਂ ਨਿਸ਼ਾਨ ਵਾਲੇ ਪ੍ਰਸ਼ਨ।

**ਮਨਰੇਗਾ ਅਧੀਨ ਬਣਾਏ ਜਾਬ ਕਾਰਡਾਂ ਦਾ ਵੇਰਵਾ**

**356. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਜਗਰਾਉਂ ਅੰਦਰ ਵੱਖ-ਵੱਖ ਪਿੰਡਾਂ ਦੇ ਮਨਰੇਗਾ ਅਧੀਨ ਸਾਲ 2015-16, 2016-17, 2017-18, 2018-19 ਅਤੇ 2019-2020 ਦੌਰਾਨ ਕਿੰਨੇ-ਕਿੰਨੇ ਜਾਬ ਕਾਰਡ ਬਣੇ ਹਨ; ਵੇਰਵੇ ਸਹਿਤ ਦੱਸਿਆ ਜਾਵੇ;

ਅ) ਉਪਰੋਕਤ ਭਾਗ (ੳ) ਵਿੱਚ ਵਰਣਿਤ ਕੁੱਲ ਕਿੰਨੀ ਰਕਮ ਮਨਰੇਗਾ ਦੇ ਜਾਬ ਕਾਰਡ ਲਾਭਪਾਤਰੀਆਂ ਨੂੰ ਦਿੱਤੀ ਗਈ ਹੈ;

ੲ) ਹਲਕਾ ਜਗਰਾਉਂ ਵਿੱਚ ਜਾਬ ਕਾਰਡ ਲਾਭਪਾਤਰੀਆਂ ਦੀ ਮਿਆਦ ਪਿੰਡ ਵਾਰ ਦਿੱਤੀ ਜਾਵੇ?

**ਨਗਰ ਕੌਂਸਲ ਜਗਰਾਓਂ ਨਾਲ ਲਗਦੀਆਂ ਕਲੋਨੀਆਂ ਨੂੰ ਹੱਦਬੰਦੀ ਵਿਚ ਲਿਆਉਣਾ**

**357. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰ ਕੌਂਸਲ ਜਗਰਾਉਂ ਦੇ ਨਾਲ ਲੱਗਦੀਆਂ ਕਲੋਨੀਆਂ ਨੂੰ ਕੌਂਸਲ ਦੀ ਹੱਦਬੰਦੀ ਵਿੱਚ ਕਦੋਂ ਲਿਆ ਜਾ ਸਕਦਾ ਹੈ ਅਤੇ 2017 ਤੋਂ ਬਾਅਦ ਜਗਰਾਓਂ ਨਗਰ ਕੌਂਸਲ ਦੇ ਕਿਹੜੇ-ਕਿਹੜੇ ਵਾਰਡਾਂ ਦੇ ਵਿੱਚ ਨਵੀਆਂ ਕਾਲੋਨੀਆਂ ਸ਼ਾਮਿਲ ਕੀਤੀਆਂ ਗਈਆਂ ਹਨ?

**ਅਨੁਸੂਚਿਤ ਜਾਤੀ ਦੇ ਵਿਅਕਤੀਆਂ ਨੂੰ ਰਿਹਾਇਸ਼ੀ ਪਲਾਟ ਅਲਾਟ ਕਰਨਾ**

**358. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਰਾਜ ਵਿੱਚ ਅਨੁਸੂਚਿਤ ਜਾਤੀਆਂ ਦੇ ਬੇਘਰੇ ਵਿਅਕਤੀਆਂ/ਪਰਿਵਾਰਾਂ ਨੂੰ ਸਰਕਾਰ ਦੁਆਰਾ ਰਿਹਾਇਸ਼ੀ ਪਲਾਟ ਅਲਾਟ ਕਰਨ ਦਾ ਫੈਸਲਾ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਹਲਕਾ ਜਗਰਾਓਂ ਵਿੱਚ ਇਸ ਮੰਤਵ ਲਈ ਸ਼ਨਾਖਤ ਕੀਤੇ ਗਏ ਅਜਿਹੇ ਪਰਿਵਾਰ ਨੂੰ ਪਲਾਟਾਂ ਦਾ ਕਬਜਾ ਕਦੋਂ ਤੱਕ ਦੇ ਦਿੱਤਾ ਜਾਵੇਗਾ;

ਅ) ਕੀ ਇਹ ਵੀ ਠੀਕ ਹੈ ਕਿ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਨੂੰ ਵੀ ਪੱਕੇ ਮਕਾਨਾਂ ਲਈ ਸ਼ਨਾਖਤ ਕੀਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਪੱਕੇ ਮਕਾਨ ਕਦੋਂ ਤੱਕ ਬਣ ਜਾਣਗੇ?

**ਹਲਕਾ ਜਗਰਾਓਂ ਅੰਦਰ ਬਣਾਏ ਓਪਨ ਜਿੰਮ/ਖੇਡ ਜਿੰਮਾਂ ਦਾ ਵੇਰਵਾ**

**359. ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:-** ਕੀ ਖੇਡ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਜਗਰਾਓਂ ਅੰਦਰ 2017-18, 2018-19, 2019-2020 ਤੱਕ ਕੁੱਲ ਕਿੰਨੇ ਓਪਨ ਜਿੰਮ ਬਣਾਏ ਗਏ ਹਨ;

ਅ) 2012 ਤੋਂ 2017 ਤੱਕ ਕੁੱਲ ਕਿੰਨੇ ਖੇਡ ਜਿੰਮ ਬਣਾਏ ਗਏ ਤੇ ਕੁੱਲ ਕਿੰਨੀਆਂ ਖੇਡ ਕਿੱਟਾ ਵੰਡੀਆਂ ਗਈਆਂ ਹਨ; ਪੂਰੇ ਵੇਰਵੇ ਸਹਿਤ ਦੱਸਿਆ ਜਾਵੇ?

**ਪਿੰਡਾਂ ਵਿੱਚੋਂ ਕੂੜੇ ਦੇ ਢੇਰ ਖਤਮ ਕਰਨ ਲਈ ਪਾਲਿਸੀ ਬਣਾਉਣਾ**

**379. ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡਾ ਵਿਚ ਕੂੜੇ ਦੇ ਢੇਰਾਂ ਕਾਰਨ ਬਿਮਾਰੀਆਂ ਦੇ ਫੈਲਣ ਦਾ ਡਰ ਲਗਾਤਾਰ ਬਣਿਆ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਹਨਾਂ ਕੂੜੇ ਦੇ ਢੇਰਾਂ ਨੂੰ ਖਤਮ ਕਰਨ(ਡਿਸਪੋਜ ਆਫ ਕਰਨ) ਸਬੰਧੀ ਸਰਕਾਰ ਵੱਲੋਂ ਕੋਈ ਪਾਲਿਸੀ ਬਣਾਈ ਜਾ ਰਹੀ ਹੈ?

**ਬਲਾਕ ਬਾਗਵਾਨੀ ਦਫਤਰ ਟਾਂਡਾ ਨੂੰ ਦੁਬਾਰਾ ਸ਼ੁਰੂ ਕਰਨਾ**

**383. ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿਛਲੀ ਸਰਕਾਰ ਸਮੇਂ 2016 ਵਿਚ ਬਲਾਕ ਬਾਗਵਾਨੀ ਦਫਤਰ ਟਾਂਡਾ ਨੂੰ ਬੰਦ ਕਰ ਦਿੱਤਾ ਗਿਆ ਸੀ, ਜਿਸ ਕਾਰਨ ਇਲਾਕੇ ਦੇ ਬਾਗਵਾਨੀ ਕਿਸਾਨਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਵੱਲੋਂ ਬਲਾਕ ਬਾਗਵਾਨੀ ਦਫਤਰ ਟਾਂਡਾ ਨੂੰ ਕਦੋਂ ਤੱਕ ਦੁਬਾਰਾ ਸ਼ੁਰੂ ਕਰਨ ਦੀ ਤਜਵੀਜ ਹੈ?

**ਐਮ.ਸੀ ਗੜ੍ਹਦੀਵਾਲਾ ਵਿੱਚ ਬੱਸ ਸਟੈਂਡ ਬਣਾਉਣਾ**

**385. ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ 1954 ਤੋਂ ਲੈ ਕੇ ਹੁਣ ਤੱਕ ਐਮ.ਸੀ. ਗੜ੍ਹਦੀਵਾਲਾ ਵਿਚ ਆਪਣਾ ਕੋਈ ਬੱਸ ਸਟੈਂਡ ਨਹੀਂ ਹੈ, ਜਿਸ ਕਾਰਨ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਐਮ.ਸੀ. ਗੜ੍ਹਦੀਵਾਲਾ ਵਿਚ ਬੱਸ ਸਟੈਂਡ ਬਣਾਉਣ ਲਈ ਸਰਕਾਰ ਵਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਸ ਨੂੰ ਕਦੋਂ ਤੱਕ ਬਣਾਇਆ ਜਾਵੇਗਾ ?

ਪਿੰਡ ਗੰਗਾ ਅਬਲੂ ਕੀ, ਬਲਾਕ ਗੋਨਿਆਣਾ (ਬਠਿੰਡਾ) ਦੇ ਗੰਦੇ ਪਾਣੀ ਦੇ ਨਿਕਾਸ ਦੇ ਪ੍ਰਬੰਧ

395. ਸਰਦਾਰ ਬਿਕਰਮ ਸਿੰਘ ਮਜੀਠੀਆ, ਐਮ.ਐਲ.ਏ.:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪਿੰਡ ਗੰਗਾ ਅਬਲੂ ਕੀ, ਬਲਾਕ ਗੋਨਿਆਣਾ, ਜਿਲਾ ਬਠਿੰਡਾ ਦੇ ਗੰਦੇ ਪਾਣੀ ਦੇ ਨਿਕਾਸ ਲਈ ਕੀ ਪ੍ਰਬੰਧ ਕੀਤੇ ਗਏ ਹਨ;

ਅ) ਕੀ ਇਹ ਵੀ ਠੀਕ ਹੈ ਕਿ ਪਿੰਡ ਗੰਗਾ ਅਬਲੂ ਕੀ ਬਲਾਕ ਗੋਨਿਆਣਾ ਜਿਲ੍ਹਾ ਬਠਿੰਡਾ ਦੇ ਛੱਪੜ ਵਿਚ ਗੰਦਾ ਅਤੇ ਬਦਬੂਦਾਰ ਪਾਣੀ ਖੜਾ ਹੋਣ ਕਾਰਨ ਲੋਕਾਂ ਨੂੰ ਕਿਸੇ ਭਿਆਨਕ ਬਿਮਾਰੀ ਦਾ ਖਤਰਾ ਬਣਿਆ ਹੋਇਆ ਹੈ;ਜੇਕਰ ਅਜਿਹਾ ਹੋਵੇ ਤਾਂ ਇਸ ਛੱਪੜ ਦੀ ਸਫਾਈ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

ਸੁਪਰਡੰਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਚੰਡੀਗੜ੍ਹ
ਮਿਤੀ 26 ਫਰਵਰੀ, 2020

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।